## ਲੋਕ ਸੰਪਰਕ ਵਿਭਾਗ ਚੰਡੀਗੜ੍ਹ ਪ੍ਰਸ਼ਾਸਨ

www.chandigarh.gov.in

## ਪ੍ਰੈਸ ਨੋਟ

ਚੰਡੀਗੜ੍ਹ, 24 ਸਤੰਬਰ :- ਚੰਡੀਗੜ੍ਹ ਦੇ ਸਾਰੇ ਸਰਕਾਰੀ ਸਕੂਲਾਂ ਵਿਚ ਚਲਦੇ ਆ ਰਹੇ ਪ੍ਰਸ਼ਾਸਨ ਦੇ ਨਸ਼ਾ ਵਿਰੋਧੀ ਸੌਂਹ ਅੰਦੋਲਨ ਦੇ ਅੰਤਰਗਤ ਯੂਟੀ ਦੇ ਗ੍ਰਹਿ ਅਤੇ ਸਿੱਖਿਆ ਸਕੱਤਰ ਸ਼੍ਰੀ ਰਾਮ ਨਿਵਾਸ ਨੇ ਅੱਜ ਸੈਕਟਰ 38 ਵੈਸਟ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਦੌਰਾ ਕੀਤਾ ਅਤੇ ਵਿਦਿਆਰਥੀਆਂ ਨਾਲ 'ਗੱਪਸ਼ੱਪ' ਸੈਸ਼ਨ ਚਲਾਇਆ। ਸ਼੍ਰੀ ਰਾਮ ਨਿਵਾਸ ਨੇ ਬੱਚਿਆਂ ਨੂੰ ਆਪਣੇ ਆਪ ਨੂੰ  ਹਰ ਤਰ੍ਹਾਂ ਦੇ ਨਸ਼ਿਆਂ ਤੋਂ ਦੂਰ ਰੱਖਣ ਲਈ ਪ੍ਰੇਰਿਤ ਕੀਤਾ।

ਵਿਅਕਤੀਗਤ ਹਾਈਜੀਨ ਦੇ ਬਾਰੇ ਵਿਚ ਗੱਲਬਾਤ ਕਰਦਿਆਂ ਉਹਨਾਂ ਦੱਸਿਆ ਕਿ ਸਰਕਾਰੀ ਸਕੂਲਾਂ ਦੇ ਬੱਚੇ ਬਹੁਤ ਸਾਰੀਆਂ ਬਿਮਾਰੀਆਂ ਨਾਲ ਪੀੜਿਤ  ਹਨ ਜਿਵੇਂ ਅਨੀਮੀਆ, ਟੂਥ ਕੈਵਿਟੀ ਅਤੇ ਮੈਲਨੋਟ੍ਰੀਸ਼ਨ। ਉਹਨਾਂ ਨੇ ਬੱਚਿਆਂ ਨੂੰ ਸਿਹਤਮੰਦ ਅਤੇ ਪੌਸ਼ਟਿਕ ਆਹਾਰ ਲੈਣ ਅਤੇ ਹਰੀਆਂ ਸਬਜ਼ੀਆਂ ਲੈਣ ਲਈ ਕਿਹਾ ਉਹਨਾਂ ਨੇ ਵਿਦਿਆਰਥੀਆਂ ਤੋਂ ਇਹ ਵਾਧਾ ਵੀ ਲਿਆ ਕਿ ਉਹ ਸਕੂਲਾਂ/ਘਰਾਂ/ਗਲੀਆਂ/ਪਾਰਕਾਂ ਵਿਚ ਘੱਟ ਤੋਂ ਘੱਟ ਇੱਕ ਪੌਦਾ ਜਰੂਰ ਲਗਾਉਣਗੇ ਅਤੇ ਨਵੇਂ ਲਗਾਏ ਪੌਦਿਆਂ ਦੀ ਪੂਰੀ ਤਰ੍ਹਾਂ ਜ਼ਿੰਮੇਵਾਰੀ ਲੈਣਗੇ।

ਸ਼੍ਰੀ  ਨਿਵਾਸ ਨੇ ਬੱਚਿਆਂ ਨੂੰ ਮੋਬਾਇਲ ਫੋਨਾਂ ਦੀ ਵਰਤੋਂ ਨਾ ਕਰਨ ਲਈ ਪ੍ਰੇਰਿਤ ਕੀਤਾ, ਉਹਨਾਂ ਨੇ ਇਸ ਦੇ ਪੈਣ ਵਾਲੇ ਬੁਰੇ ਪ੍ਰਭਾਵਾਂ ਦੇ ਬਾਰੇ ਵਿਚ ਉਹਨਾਂ ਨੂੰ ਦੱਸਿਆ ਅਤੇ ਮੋਬਾਇਲ ਫੋਨ ਦੀ ਵਰਤੋਂ ਨਾਲ ਹੋਣ ਵਾਲੇ ਐਕਸੀਡੈਂਟਾਂ ਦੇ ਬਾਰੇ ਵਿਚ ਦੱਸਿਆ। ਉਹਨਾਂ ਨੇ ਬੱਚਿਆਂ ਨੂੰ ਡਰਾਇਵਿੰਗ ਲਾਈਸੈਂਸ ਮਿਲਣ ਤੋਂ ਬਾਦ ਹੀ ਵਾਹਨ ਚਲਾਉਣ, ਦੋ ਪਹੀਆਂ ਵਾਲਾ ਵਾਹਨ ਚਲਾਉਣ ਸਮੇਂ ਹੈਲਮਿਟ ਪਾਉਣ ਅਤੇ ਆਵਾਜਾਈ ਦੇ ਨਿਯਮਾਂ ਦਾ ਪਾਲਣ ਕਰਨ ਲਈ ਕਿਹਾ।

ਵਿਦਿਆਰਥੀਆਂ ਨਾਲ ਮੌਲਿਕ ਅਧਿਕਾਰਾਂ ਅਤੇ ਮੌਲਿਕ ਕਰਤੱਵਾਂ ਦੇ ਬਾਰੇ ਵਿਚ ਗੱਲਬਾਤ ਕਰਦਿਆਂ ਉਹਨਾਂ ਨੇ ਕਿਹਾ ਕਿ ਸ਼ਹਿਰ ਨੂੰ ਸਾਫ ਸੁਥਰਾ ਰੱਖਣਾ ਸਾਡਾ ਕਰਤੱਵ ਹੈ ਅਤੇ ਜੇਕਰ ਕੋਈ ਆਪਣਾ ਕਰਤੱਵ ਠੀਕ ਤਰ੍ਹਾਂ ਨਾਲ ਨਹੀਂ ਨਿਭਾਉਂਦਾ ਤਾਂ ਵਿਦਿਆਰਥੀਆਂ ਦੀ ਜਿੰਮੇਵਾਰੀ ਹੈ ਕਿ ਉਹ ਉਹਨਾਂ ਨੂੰ ਆਪਣਾ ਕਰਤੱਵ ਠੀਕ ਤਰ੍ਹਾਂ ਨਾਲ ਨਿਭਾਉਣ ਲਈ ਪ੍ਰੇਰਿਤ ਕਰਨ। ਉਹਨਾਂ ਨੇ ਵਿਦਿਆਰਥੀਆਂ ਵਿਚ ਸਰਕਾਰੀ ਸੰਪਤੀ ਦੇ ਲਈ ਆਨਰਸ਼ਿਪ ਸੈਂਸ ਦਾ ਵਿਕਾਸ ਕੀਤਾ ਜਿਸ ਵਿਚ ਸਕੂਲੀ ਇਮਾਰਤਾਂ, ਸਪੋਰਟਸ ਕੰਪਲੈਕਸ, ਬੱਸਾਂ ਅਤੇ ਸਟਰੀਟ ਲਾਈਟਾਂ ਸ਼ਾਮਿਲ ਹਨ। ਸ਼੍ਰੀ ਰਾਮ ਨਿਵਾਸ ਨੇ ਬੱਚਿਆਂ ਨੂੰ ਅਖਬਾਰਾਂ ਪੜ੍ਹਨ, ਨਿਊਜ਼ ਚੈਨਲ ਦੇਖਣ, ਆਊਟਡੋਰ ਗੇਮਾਂ ਖੇਡਣ ਅਤੇ ਆਪਣਾ ਕੀਮਤੀ ਸਮਾਂ ਹੋਮਵਰਕ ਅਤੇ ਵਾਧੂ ਪੜ੍ਹਾਈ ਵਿਚ ਲਗਾਉਣ ਲਈ ਵੀ ਪ੍ਰੇਰਿਤ ਕੀਤਾ।

ਸ਼੍ਰੀ ਨਿਵਾਸ  ਨੇ ਡੀਈਓ ਨੂੰ ਕੌਂਸਲਰ ਅਤੇ ਸੰਬੰਧਿਤ ਜਗ੍ਹਾ ਦੇ ਸਰਪੰਚ ਨੂੰ ਬੇਨਤੀ ਕਰਨ ਲਈ ਕਿਹਾ ਕਿ  ਜਦੋਂ ਉਹ ਕਿਸੇ ਸਕੂਲ ਦਾ ਦੌਰਾ ਕਰਨ ਤਾਂ ਉਹ ਇਸ ਸਮਾਗਮ ਵਿਚ ਸ਼ਾਮਲ ਹੋਣ। ਸ਼੍ਰੀ ਨਿਵਾਸ ਨੇ ਸਕੂਲ ਦੇ ਕੰਪਸ ਵਿਚ ਇੱਕ ਨਵਾਂ ਪੌਦਾ ਵੀ ਲਗਾਇਆ।